# ਅਬਲਾ ਦਾ ਬਲ

## ਚਰਨ ਸਿੰਘ ਸ਼ਹੀਦ



### ਸ਼ਖ਼ਸੀਅਤ ਤੇ ਰਚਨਾ

ਚਰਨ ਸਿੰਘ ਸ਼ਹੀਦ ਹਾਸ-ਵਿਅੰਗ ਲਿਖਣ ਵਾਲੇ ਇੱਕ ਪ੍ਰਸਿੱਧ ਕਵੀ ਸਨ। ਉਨ੍ਹਾਂ ਦਾ ਜਨਮ 1891 ਵਿੱਚ ਅੰਮ੍ਰਿਤਸਰ ਵਿਖੇ ਹੋਇਆ ਸੀ। ਆਪ ਨੇ ਕੁਝ ਸਮਾਂ 'ਖ਼ਾਲਸਾ ਸਮਾਚਾਰ' ਵਿੱਚ ਪਰੂਫ-ਰੀਡਰ ਅਤੇ ਅਨੁਵਾਦਕ ਦੀ ਨੌਕਰੀ ਕੀਤੀ। 1914 ਵਿੱਚ ਉਹ ਰਿਆਸਤ ਨਾਭਾ ਅਤੇ ਪਟਿਆਲਾ ਵਿੱਚ ਰੋਜ਼ਨਾਮਚਾ ਲਿਖਣ ਦਾ ਕੰਮ ਕਰਨ ਲੱਗੇ। ਉਨ੍ਹਾਂ ਦੀ ਯੋਗਤਾ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਪਟਿਆਲਾ ਰਿਆਸਤ ਦਾ ਰਾਜ ਕਵੀ ਥਾਪਿਆ ਗਿਆ। 1926 ਵਿੱਚ ਉਨ੍ਹਾਂ ਨੇ ਆਪਣਾ ਇੱਕ ਮਾਸਿਕ ਪੱਤਰ 'ਮੌਜੀ' ਜਾਰੀ ਕੀਤਾ। ਇਸ ਵਿੱਚ ਹਾਸ-ਵਿਅੰਗ ਦੀਆਂ ਕਵਿਤਾਵਾਂ 'ਸੁਥਰਾ' ਉਪਨਾਮ ਹੇਠ ਪ੍ਰਕਾਸ਼ਿਤ ਹੁੰਦੀਆਂ ਸਨ। ਬਾਅਦ ਵਿੱਚ ਇਹ ਕਵਿਤਾਵਾਂ 'ਬਾਦਸ਼ਾਹੀਆਂ', 'ਸ਼ਹਿਨਸ਼ਾਹੀਆਂ' ਅਤੇ 'ਬੇਪਰਵਾਹੀਆਂ' ਨਾਂ ਦੀਆਂ ਪੁਸਤਕਾਂ ਵਿੱਚ ਪ੍ਰਕਾਸ਼ਿਤ ਹੋਈਆਂ। ਚਰਨ ਸਿੰਘ ਸ਼ਹੀਦ ਦੀਆਂ ਕਵਿਤਾਵਾਂ ਵਿੱਚ ਸਮਾਜਿਕ ਕੁਰੀਤੀਆਂ ਅਤੇ ਬੁਰਾਈਆਂ ਨੂੰ ਬੜੇ ਵਿਅੰਗਾਤਮਕ ਢੰਗ ਦੁਆਰਾ ਪੇਸ਼ ਕੀਤਾ ਗਿਆ ਹੈ।

### ਅਬਲਾ ਦਾ ਬਲ

ਅਬਲਾ ਜੋ ਆਖਣ ਔਰਤ ਨੂੰ, ਉਹ ਸੋਚ ਜ਼ਰਾ ਨਾ ਕਰਦੇ ਨੇ।
ਤੀਵੀਂ ਦੀ ਤਾਕਤ ਅੱਗੇ ਤਾਂ, ਬ੍ਰਹਿਮੰਡ ਖੰਡ ਸਭ ਡਰਦੇ ਨੇ।
'ਕਾਦਰ' ਦੀ 'ਕੁਦਰਤ' ਤੀਵੀਂ ਹੈ ਜਿਸ ਦਾ ਸਭ ਵਿਸ਼ਵ ਪਸਾਰਾ ਹੈ।
'ਕੁਦਰਤ' ਅੱਗੇ ਹਿਮਾਲਾ ਭੀ ਇਕ ਜ਼ੱਰੇ ਵਾਂਗ ਵਿਚਾਰਾ ਹੈ।
ਇਸ 'ਕਾਇਨਾਤ' ਇਸ 'ਸ੍ਰਿਸ਼ਟੀ' ਤੇ ਇਸ 'ਪ੍ਰਿਥਵੀ' ਦੁਨੀਆਂ ਸਾਰੀ ਦੇ।
ਉਤਪਤੀ, ਮੌਤ ਤੇ ਪਰਲੈ, ਸਭ ਹਨ ਨਾਮ ਵੱਖੋ ਵੱਖ ਨਾਰੀ ਦੇ।

**ਔਖੇ ਸ਼ਬਦਾਂ ਦੇ ਅਰਥ**

ਅਬਲਾ : ਕਮਜ਼ੋਰ
ਤੀਵੀਂ : ਔਰਤ
ਕਾਦਰ : ਪਰਮਾਤਮਾ
ਕੁਦਰਤ : ਪਕ੍ਰਿਤੀ
ਜ਼ੱਰੇ : ਤਿਨਕੇ
ਪਰਲੈ : ਭੂਚਾਲ, ਆਫ਼ਤ

ਕਰਤੇ ਦੀ ਸ਼ਕਤੀ ਦਾ ਕਾਰਨ ਕੇਵਲ ਕੁਲ-ਹੁਕਮੀ ਮਾਇਆ ਹੈ।
ਮਾਨੋ ਇਸ ਮਾਇਆ ਔਰਤ ਦਾ ਫਰਮਾਨ ਜਗ ਤੇ ਛਾਇਆ ਹੈ।
ਰੂਹ, ਦੇਹ, ਜਾਨ ਤੇ ਖੁਸ਼ੀ, ਗਮੀ ਦੌਲਤ ਤੇ ਸ਼ਾਹੀ ਤੀਵੀਂ ਹੈ।
ਤੀਵੀਂ ਅਤਿ ਉੱਚੀ ਮੁਕਤੀ ਹੈ ਤੀਵੀਂ ਚੌਰਾਸੀ, ਨੀਵੀਂ ਹੈ।
ਤਲਵਾਰ ਕਲਮ ਦੋ ਚੀਜ਼ਾਂ ਹਨ ਹੇਠ ਹਕੂਮਤ ਰਾਜ ਸਭੀ।
ਅਰਥਾਤ ਨਾਰ ਦੇ ਕਦਮਾਂ ਵਿੱਚ ਰੁਲਦੇ ਸੰਸਾਰਕ ਤਾਜ ਸਭੀ।
ਤਕਦੀਰ, ਤਪੱਸਿਆ, ਹਮਦਰਦੀ ਦਾ ਨਿੱਤ ਪਾਠ ਪੜ੍ਹਾਂਦੇ ਨੇ।
ਸੰਧਿਆ ਗਾਇਤਰੀ ਤੇ ਬਾਣੀ ਗੁਣ, ਇਸਤਰੀ ਲਿੰਗ ਕਹਾਂਦੇ ਨੇ।
ਇਸ ਸ਼ਕਤੀ ਵਾਲੀ ਨਾਰੀ ਜਿ ਇਨਸਾਨ ਰੂਪ ਵਿੱਚ ਆ ਜਾਵੇ।
ਹਰ ਕੋਈ ਉਸ ਨੂੰ ਅਬਲਾ ਕਹਿ ਬੋਲੀ ਦੀ ਗੋਲੀ ਲਾ ਜਾਵੇ।
ਹਾਲਾਂਕਿ 'ਅਬਲਾ' ਦੇ ਹੱਥ ਹੀ ਸਭ ਮੁਲਕਾਂ ਸੰਗੀਆਂ ਵਾਗਾਂ ਨੇ।
ਅਬਲਾ ਦੇ ਜਾਗਣ ਨਾਲੇ ਹੀ ਕੌਮਾਂ ਨੂੰ ਆਈਆਂ ਜਾਗਾਂ ਨੇ।
ਅਬਲਾ ਹਰ ਘਰ ਦੀ ਰਾਣੀ ਹੈ ਅਬਲਾ ਪੈਦਾ ਬਲਵਾਨ ਕਰੇ।
ਅਬਲਾ ਜਿ ਕਹੇ ਤਾਂ ਘਰ ਸੁਧਰੇ ਅਬਲਾ ਜਿ ਚਹੇ ਵੀਰਾਨ ਕਰੇ।
ਅਬਲਾ ਜਿ ਗਿਰਾਏ ਪਾਤਾਲ ਸੁਟੇ ਅਬਲਾ ਜਿ ਉਠਾਏ ਤਾਂ ਮੁਕਤਿ ਮਿਲੇ।
ਅਬਲਾ ਤੋਂ ਬਲ, ਧੀਰਜ, ਸ਼ਕਤੀ, ਦ੍ਰਿੜ੍ਹਤਾ, ਸ਼ਾਂਤੀ ਤੇ ਯੁਕਤੀ ਮਿਲੇ।
ਇਸ ਸੁੰਦਰ ਨਾਜ਼ਕ ਨਾਰੀ ਨੂੰ, ਨ ਕਹੋ ਅਬਲਾ, ਨ ਕਹੋ ਅਬਲਾ।
ਇਸ ਦੇ ਬਲ ਦਾ ਨਹੀਂ ਅੰਤ ਕੋਈ ਹੈ ਬੜੀ ਬਲਵਾਨ ਬੜੀ ਸਬਲਾ।
ਸਤ ਰੱਖਿਆ ਜਾਂ ਉਪਕਾਰ ਲਈ ਜਦ ਅਬਲਾ ਬਲ ਦਿਖਲਾਂਦੀ ਹੈ।
ਤਾਂ ਉਸ ਦਾ ਮਹਾਂ ਜਲਾਲ ਦੇਖ ਸਭ ਕਾਇਨਾਤ ਥੱਰਾਂਦੀ ਹੈ।
ਜੇ ਤੀਰ ਚਲਾਏ ਨੈਣਾਂ ਦੇ, ਤਾਂ ਘਾਇਲ ਮਰਦ ਹਜ਼ਾਰ ਕਰੇ।
ਜੇ ਸੁਥਰੇ ਦਿਲ ਵਿਚ ਜੋਸ਼ ਭਰੇ ਤਾਂ ਚਰਨ ਤਲੇ ਸੰਸਾਰ ਕਰੇ।

## ਟਿੱਪਣੀ

ਕਵੀ ਨੇ ਇਸ ਰਚਨਾ ਵਿੱਚ ਔਰਤ ਦੇ ਗੁਣ ਅਤੇ ਸ਼ਕਤੀ ਬਾਰੇ ਦੱਸਿਆ ਹੈ ਕਿ ਮਨੁੱਖ ਔਰਤ ਨੂੰ ਕਮਜ਼ੋਰ ਕਹਿੰਦੇ ਹੋਏ ਜ਼ਰਾ ਵੀ ਨਹੀਂ ਸੋਚਦੇ। ਜਦ ਕਿ ਔਰਤ ਦੀ ਤਾਕਤ ਅੱਗੇ ਤਾਂ ਸਮੁੱਚਾ ਬ੍ਰਹਿਮੰਡ ਭਾਵ ਦੁਨੀਆਂ ਸਿਰ ਝੁਕਾ ਦਿੰਦੀ ਹੈ। ਕੁਦਰਤ ਦੀ ਸਭ ਤੋਂ ਸੋਹਣੀ ਰਚਨਾ ਔਰਤ ਹੈ ਜਿਸ ਦਾ ਸਮੁੱਚੀ ਦੁਨੀਆਂ ਅੰਦਰ ਪਸਾਰਾ ਹੈ। ਜਿਸ ਤਰ੍ਹਾਂ ਪਕ੍ਰਿਤੀ ਦੇ ਸਾਹਮਣੇ ਹਿਮਾਲਾ ਪਰਬਤ ਵੀ ਇੱਕ ਤਿਣਕੇ ਦੀ ਤਰ੍ਹਾਂ ਲੱਗਦਾ ਹੈ ਉਸੇ ਤਰ੍ਹਾਂ ਹੀ ਇਸ ਦੁਨੀਆਂ ਵਿੱਚ ਪ੍ਰਿਥਵੀ 'ਤੇ ਜਨਮ, ਮੌਤ ਤੇ ਭੁਚਾਲ ਲਿਆਉਣ ਵਾਲੀ ਔਰਤ ਹੀ ਹੈ। ਭਾਵੇਂ ਇਸ ਨੂੰ ਕਿਸੇ ਵੀ ਨਾਂ ਨਾਲ ਸੰਬੋਧਨ ਕਰ ਲਵੋ। ਜਦੋਂ ਕਿ ਪਰਮਾਤਮਾ ਦੀ ਸਾਰੀ ਸ਼ਕਤੀ ਪਦਾਰਥਾਂ ਦੇ ਰੂਪ ਵਿੱਚ ਫੈਲੀ ਹੋਈ ਹੈ ਲੇਕਿਨ ਉਸੇ ਮਾਇਆ ਦਾ ਰੂਪ ਔਰਤ ਨੂੰ ਹੀ ਦਿੱਤਾ ਗਿਆ ਹੈ। ਸਾਰੇ ਸੁੱਖਾਂ, ਗਮਾਂ ਤੇ ਖ਼ੁਸ਼ੀਆਂ ਦੀ ਜ਼ਿੰਮੇਵਾਰ ਇਸਤਰੀ ਹੀ ਹੈ। ਤਲਵਾਰ ਤੇ ਕਲਮ ਭਾਵ ਸ਼ਕਤੀ ਤੇ ਕਾਨੂੰਨ ਸਾਰੇ ਸਰਕਾਰ ਦੇ ਹੇਠਾਂ ਹਨ, ਲੇਕਿਨ ਇਹ

### ਔਖੇ ਸ਼ਬਦਾਂ ਦੇ ਅਰਥ

| | |
|---|---|
| ਕਰਤੇ | :ਰੱਬ |
| ਜਗ | :ਦੁਨੀਆਂ |
| ਰੂਹ | :ਆਤਮਾ |
| ਚੌਰਾਸੀ | :ਜੂਨਾਂ ਵਿੱਚ ਪਾਉਣ ਵਾਲੀ |
| ਹਕੂਮਤ | :ਰਾਜ |
| ਰੁਲਦੇ | :ਖਿਲਰਦੇ |
| ਤਕਦੀਰ | :ਕਿਸਮਤ |
| ਸੰਧਿਆ | :ਸ਼ਾਮ |
| ਬੋਲੀ | :ਤਾਹਨਾ |
| ਮੁਲਕਾਂ | :ਦੇਸ਼ਾਂ |
| ਜਾਗਾਂ | :ਜਾਗਰੂਕਤਾ |
| ਰਾਣੀ | :ਰਾਜ ਕਰਨ ਵਾਲੀ |
| ਵੀਰਾਨ | :ਬਰਬਾਦ |
| ਪਾਤਾਲ | :ਧਰਤੀ ਦਾ ਹੇਠਲਾ ਪਾਸਾ |
| ਨਾਜ਼ਕ | :ਨਰਮ |
| ਸਬਲਾ | :ਬਹਾਦਰ |
| ਸਤ ਰੱਖਿਆ | :ਇੱਜ਼ਤ |
| ਮਹਾਂ ਜਲਾਲ | :ਗੁੱਸਾ |
| ਕਾਇਨਾਤ | :ਦੁਨੀਆ |
| ਚਰਨ ਤਲੇ | :ਪੈਰਾਂ ਥੱਲੇ |



ਸਭ ਵੀ ਇਸਤਰੀ ਦੇ ਪੈਰਾਂ ਵਿੱਚ ਰੁਲਦੇ ਹਨ। ਗਿਆਨੀ ਲੋਕ ਸਾਨੂੰ ਕਿਸਮਤ, ਭਗਤੀ ਦਾ ਪਾਠ ਪੜ੍ਹਾਉਂਦੇ ਹਨ। ਸਵੇਰੇ ਸ਼ਾਮ ਰੱਬ ਨੂੰ ਯਾਦ ਕਰਨ ਲਈ ਕਹਿੰਦੇ ਹਨ। ਦੂਜੇ ਪਾਸੇ ਇਹੋ ਸ਼ਕਤੀ ਜੇਕਰ ਨਾਰੀ ਦੇ ਰੂਪ ਵਿੱਚ ਸਾਡੇ ਸਾਹਮਣੇ ਆ ਜਾਵੇ ਤਾਂ ਅਸੀਂ ਪਛਾਣ ਨਹੀਂ ਸਕਦੇ। ਉਸ ਨੂੰ ਤਾਹਨਾਂ ਮਾਰਨ ਤੱਕ ਚਲੇ ਜਾਂਦੇ ਹਾਂ। ਜਦ ਕਿ ਸਾਰੇ ਦੇਸਾਂ ਵਿੱਚ ਅੱਜ ਔਰਤਾਂ ਦੇ ਹੱਥ ਹੀ ਵਾਗਡੋਰ ਨਜ਼ਰ ਆਉਂਦੀ ਹੈ। ਇਸ ਜਾਗਰੂਕਤਾ ਨਾਲ ਹੀ ਸਾਰੀ ਦੁਨੀਆਂ ਵਿੱਚ ਚੇਤੰਨਤਾ ਆਉਂਦੀ ਹੈ। ਇਹ ਘਰ ਵਿੱਚ ਰਾਜ ਕਰਨ ਵਾਲੀ ਹੈ ਜੋ ਕਿ ਭਲਵਾਨਾਂ ਨੂੰ ਜਨਮ ਦਿੰਦੀ ਹੈ। ਇਸ ਦੇ ਕਹਿਣ ’ਤੇ ਘਰ ਸੁਧਰ ਵੀ ਜਾਂਦੇ ਹਨ ਤੇ ਵਿਗੜ ਵੀ ਜਾਂਦੇ ਹਨ। ਜੇ ਮਨੁੱਖ ਨੂੰ ਗਿਰਾਉਣ ਵਿੱਚ ਆ ਜਾਵੇ ਤਾਂ ਪਤਾਲ ਵਿੱਚ ਲਿਆ ਸੁੱਟਦੀ ਹੈ ਤੇ ਇਹੋ ਹੀ ਮਨੁੱਖ ਦੀ ਮੁਕਤੀ ਦਾ ਕਾਰਨ ਬਣਦੀ ਹੈ। ਇਸ ਨੂੰ ਕਮਜੋਰ ਕਹਿ ਕੇ ਨਾ ਪੁਕਾਰੋ। ਇਸ ਦੀ ਤਾਕਤ ਦਾ ਕੋਈ ਅੰਤ ਨਹੀਂ ਹੈ ਇਹ ਬਹੁਤ ਹੀ ਸ਼ਕਤੀਸ਼ਾਲੀ ਹੈ। ਆਪਣੀ ਇੱਜ਼ਤ ਦੀ ਖਾਤਰ ਜਦੋਂ ਤਾਕਤ ਦਿਖਾਉਂਦੀ ਹੈ ਤਾਂ ਸਾਰੇ ਹਿੱਲ ਜਾਂਦੇ ਹਨ। ਇਸ ਦਾ ਦਬਦਬਾ ਤੇ ਗੁੱਸਾ ਵੇਖ ਕੇ ਸਾਰੀ ਕਾਇਨਾਤ ਵੀ ਡੋਲ ਜਾਂਦੀ ਹੈ। ਜੇਕਰ ਇਹ ਕਮਜ਼ੋਰ ਦਿਲ ਵਿੱਚ ਜੋਸ਼ ਪੈਦਾ ਕਰ ਦੇਵੇ ਤਾਂ ਉਹ ਸਾਰਾ ਸੰਸਾਰ ਆਪਣੇ ਪੈਰਾਂ ਹੇਠਾਂ ਕਰ ਲਵੇ।

## ਅਭਿਆਸ

**1. ਦੱਸੋ ਖਾਂ ਭਲਾ :**

(i) ਇਸਤਰੀ ਦੀ ਤਾਕਤ ਤੋਂ ਕੌਣ ਡਰਦੇ ਹਨ ?
(ii) ‘ਕਾਦਰ ਦੀ ਕੁਦਰਤ’ ਕੌਣ ਹੈ ?
(iii) ਉਤਪਤੀ, ਮੌਤ ਅਤੇ ਪਰਲੈ ਕਿਸ ਦਾ ਪ੍ਰਤੀਕ ਮੰਨੇ ਗਏ ਹਨ ?
(iv) ਹਕੂਮਤਾਂ ਕਿਸ ਦੇ ਸਿਰ ’ਤੇ ਰਾਜ ਕਰਦੀਆਂ ਹਨ ?
(v) ਮੁਲਕਾਂ ਦੀਆਂ ਵਾਗਾਂ ਕਿਸ ਦੇ ਹੱਥ ਵਿੱਚ ਹਨ ?
(vi) ਇੱਜ਼ਤ ਤੇ ਉਪਕਾਰ ਦੇ ਲਈ ਜਦੋਂ ਔਰਤ ਸਾਹਮਣੇ ਆਉਂਦੀ ਹੈ ਤਾਂ ਫਿਰ ਕੀ ਵਾਪਰਦਾ ਹੈ ?
(vii) ਤੀਵੀਂ ਦੇ ‘ਮਹਾਂ ਜਲਾਲ’ ਨੂੰ ਵੇਖ ਕੇ ਕੌਣ ਥਰਥਰਾਉਂਦਾ ਹੈ ?
(viii) ਔਰਤ ਤੋਂ ਸਾਨੂੰ ਕਿਹੜੇ-ਕਿਹੜੇ ਗੁਣ ਹਾਸਲ ਹੁੰਦੇ ਹਨ ?
(ix) ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਅਬਲਾ ਜੋ ਆਖਣ ਔਰਤ ਨੂੰ, ਉਹ ਸੋਚ ਜ਼ਰਾ ਨਾ ਕਰਦੇ ਨੇ।
ਤੀਵੀਂ ਦੀ ਤਾਕਤ ਅੱਗੇ ਤਾਂ, ਬ੍ਰਹਿਮੰਡ ਖੰਡ ਸਭ ਡਰਦੇ ਨੇ।
‘ਕਾਦਰ’ ਦੀ ‘ਕੁਦਰਤ’ ਤੀਵੀਂ ਹੈ ਜਿਸ ਦਾ ਸਭ ਵਿਸ਼ਵ ਪਸਾਰਾ ਹੈ।
‘ਕੁਦਰਤ’ ਅੱਗੇ ਹਿਮਾਲਾ ਭੀ ਇਕ ਜ਼ੱਰੇ ਵਾਂਗ ਵਿਚਾਰਾ ਹੈ।
ਇਸ ‘ਕਾਇਨਾਤ’ ਇਸ ‘ਸਿਸ਼ਟੀ’ ਤੇ ਇਸ ‘ਪ੍ਰਿਥਵੀ’ ਦੁਨੀਆਂ ਸਾਰੀ ਦੇ।
ਉਤਪਤੀ, ਮੌਤ ਤੇ ਪਰਲੈ, ਸਭ ਹਨ ਨਾਮ ਵੱਖੋ ਵੱਖ ਨਾਰੀ ਦੇ।

(i) ਉਪਰੋਕਤ ਕਾਵਿ-ਸਤਰਾਂ ਵਿੱਚ 'ਅਬਲਾ' ਕਹਿ ਕੇ ਕਿਸ ਨੂੰ ਸੰਬੋਧਨ ਕੀਤਾ ਗਿਆ ਹੈ ?

(ii) ਬ੍ਰਹਿਮੰਡ, ਖੰਡ ਕਿਸ ਤੋਂ ਡਰਦੇ ਹਨ ?

(iii) ਇਨ੍ਹਾਂ ਕਾਵਿ-ਸਤਰਾਂ ਦੀ ਰਚਨਾ ਅਤੇ ਰਚਨਾਕਾਰ ਦਾ ਨਾਂ ਲਿਖੋ ?

(iv) 'ਕਾਦਰ' ਅਤੇ 'ਕੁਦਰਤ' ਸ਼ਬਦਾਂ ਦੇ ਅਰਥ ਸਪਸ਼ਟ ਕਰੋ।

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਹਾਲਾਂਕਿ 'ਅਬਲਾ' ਦੇ ਹੱਥ ਹੀ ਸਭ ਮੁਲਕਾਂ ਸੰਗੀਆਂ ਵਾਗਾਂ ਨੇ।
ਅਬਲਾ ਦੇ ਜਾਗਣ ਨਾਲੇ ਹੀ ਕੌਮਾਂ ਨੂੰ ਆਈਆਂ ਜਾਗਾਂ ਨੇ।
ਅਬਲਾ ਹਰ ਘਰ ਦੀ ਰਾਣੀ ਹੈ ਅਬਲਾ ਪੈਦਾ ਬਲਵਾਨ ਕਰੇ।
ਅਬਲਾ ਜਿ ਕਹੇ ਤਾਂ ਘਰ ਸੁਧਰੇ ਅਬਲਾ ਜਿ ਚਹੇ ਵੀਰਾਨ ਕਰੇ।
ਅਬਲਾ ਜਿ ਗਿਰਾਏ ਪਾਤਾਲ ਸੁਟੇ ਅਬਲਾ ਜਿ ਉਠਾਏ ਤਾਂ ਮੁਕਤਿ ਮਿਲੇ।
ਅਬਲਾ ਤੋਂ ਬਲ, ਧੀਰਜ, ਸ਼ਕਤੀ, ਦ੍ਰਿੜ੍ਹਤਾ, ਸ਼ਾਂਤੀ ਤੇ ਯੁਕਤੀ ਮਿਲੇ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਔਰਤ ਨੂੰ ਗੁਣਾਂ ਦਾ ਮੁਜੱਸਮਾ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ। ਅਨੇਕਾਂ ਗੁਣਾਂ ਦੀ ਧਾਰਨੀ ਤੇ ਮਨੁੱਖ ਦੀ ਜਨਮ ਦਾਤੀ ਕਹਿ ਕੇ ਸਤਿਕਾਰਿਆ ਜਾਂਦਾ ਹੈ। ਔਰਤ ਦੇ ਇਨ੍ਹਾਂ ਗੁਣਾਂ ਨੂੰ ਵੇਖਦੇ ਹੋਏ 'ਮਾਂ' ਬਾਰੇ 'ਪ੍ਰੋਜੈਕਟ' ਤਿਆਰ ਕਰੋ।

(ii) ਕੀ ਤੁਸੀਂ ਕਿਸੇ ਬਹਾਦਰ ਤੇ ਨਿਡਰ ਔਰਤ ਨੂੰ ਜਾਣਦੇ ਹੋ। ਜੇਕਰ ਹਾਂ ਤਾਂ ਉਸ ਦੇ ਗੁਣਾਂ ਉੱਪਰ ਰੌਸ਼ਨੀ ਪਾਉਂਦੇ ਹੋਏ ਇੱਕ ਕਵਿਤਾ ਦੀ ਰਚਨਾ ਕਰੋ।

(iii) ਭਾਰਤ ਵਿੱਚ ਵੱਖੋ-ਵੱਖਰੇ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਔਰਤਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਦੀ ਤਸਵੀਰਾਂ ਸਮੇਤ ਇਕ ਚਾਰਟ ਤਿਆਰ ਕਰੋ।

(iv) ਕੀ ਤੁਸੀਂ ਸਮਝਦੇ ਹੋ ਕਿ ਔਰਤ ਨੂੰ ਪੂਰੇ ਅਧਿਕਾਰ ਮਿਲ ਚੁੱਕੇ ਹਨ ? ਇੱਕ ਜਾਣਕਾਰੀ ਭਰਪੂਰ ਲੇਖ ਲਿਖਣ ਦੀ ਕੋਸ਼ਿਸ਼ ਕਰੋ।

(v) ਗਿਆਨ-ਵਿਗਿਆਨ ਤੇ ਲੋਕਤੰਤਰ ਦੇ ਯੁਗ ਵਿੱਚ ਪਹੁੰਚ ਕੇ ਵੀ ਔਰਤ ਨਾਲ ਅਨਿਆਂ ਜਾਰੀ ਹੈ। ਕੀ ਤੁਸੀਂ ਇਸ ਮੱਤ ਨਾਲ ਸਹਿਮਤ ਹੋ ? ਤੱਥਾਂ ਦੇ ਆਧਾਰ 'ਤੇ ਆਪਣਾ ਦ੍ਰਿਸ਼ਟੀਕੋਣ ਪ੍ਰਸਤੁਤ ਕਰੋ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਔਰਤ ਅੱਗੇ ਸਾਰੀ ਦੁਨੀਆਂ ਸਿਰ ਝੁਕਾਉਂਦੀ ਹੈ। ☐

(ii) ਪ੍ਰਿਥਵੀ ਦੇ ਸਾਹਮਣੇ ਪਰਬਤ ਬਹੁਤ ਵੱਡਾ ਲਗਦਾ ਹੈ। ☐

(iii) ਸਾਰੇ ਸੁਖ, ਦੁਖ ਤੇ ਖੁਸ਼ੀਆਂ ਔਰਤ ਕਾਰਨ ਹਨ। ☐

(iv) ਔਰਤ ਆਦਮੀ ਦਾ ਕੁਝ ਵੀ ਨਹੀਂ ਵਿਗਾੜ ਸਕਦੀ। ☐

(v) ਔਰਤ ਦੇ ਗੁੱਸੇ ਤੋਂ ਕੁਲ ਕਾਇਨਾਤ ਵੀ ਡਰ ਜਾਂਦੀ ਹੈ। ☐

**ੲ. ਖਾਲੀ ਥਾਵਾਂ ਭਰੋ :**

(i) ਉਤਪਤੀ, ਮੌਤ ਤੇ ਪਰਲੈ ਔਰਤ ਦੇ ... ਮੰਨੇ ਜਾਂਦੇ ਹਨ।

(ii) ਪਰਮਾਤਮਾ ਦੀ ਸਾਰੀ ... ਦਾ ਰੂਪ ਔਰਤ ਨੂੰ ਹੀ ਦਿੱਤਾ ਗਿਆ ਹੈ।

(iii) ਔਰਤ ਸਾਰੇ ... ਨੂੰ ਵੀ ਆਪਣੇ ਪੈਰਾਂ ਹੇਠ ਕਰ ਸਕਦੀ ਹੈ।

(iv) ਸ਼ਕਤੀ ਦੀ ਪ੍ਰਤੀਕ ਔਰਤ ... ਨੂੰ ਵੀ ਜਨਮ ਦਿੰਦੀ ਹੈ।

(v) ਮਨੁੱਖ ਦੀ ... ਦਾ ਕਾਰਨ ਵੀ ਔਰਤ ਹੀ ਬਣਦੀ ਹੈ।

ਮਾਇਆ ਸੰਸਾਰ
ਭਲਵਾਨਾ
ਪ੍ਰਤੀਕ ਮੁਕਤੀ

**ਸ. ਵਿਰੋਧੀ ਸ਼ਬਦ ਬਣਾਉ :**

(i) ਅਬਲਾ ...

(ii) ਵੀਰਾਨ ...

(iii) ਨਾਜ਼ੁਕ ...

(iv) ਪਾਤਾਲ ...

**ਹ. ਲਿੰਗ ਬਦਲੋ :**

(i) ਨਰ ...

(ii) ਰਾਜਾ ...

(iii) ਮਾਤਾ ...

(iv) ਭੂਆ ...

**ਕ. ਔਰਤ ਨੂੰ ਇਸਤਰੀ ਵੀ ਆਖਦੇ ਹਨ। ਇਸ ਨੂੰ ਹੋਰ ਕਿਹੜੇ-ਕਿਹੜੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ :**

... ... ...

**ਖ. ਵਾਕ ਬਣਾਉ :**

(i) ਕੁਦਰਤ ... ... .... ....

(ii) ਬ੍ਰਹਿਮੰਡ ... ... .... ....

(iii) ਬੋਲੀ ... ... .... ....

(iv) ਤਕਦੀਰ ... ... .... ....